©Rajasthali Journal ISSN 2583-1720
Received: Mar '22
Revised:
Accepted: Apr '22
© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਵਰਿਆਮ ਮਸਤ ਦੇ ਨਾਟਕਾਂ ਵਿਚ ਸਮਾਜਿਕ ਚੇਤਨਾ

## ('ਰਿਸ਼ਤੇ' ਤੇ 'ਭਬੱਕਾ' ਦੇ ਸੰਦਰਭ ਵਿਚ)

# SOCIAL CONSCIOUSNESS IN VARYAM MAST'S PLAYS

## (IN THE CONTEXT OF 'RISHTA' AND 'BHABKA')

**Dr. Hardev Singh**
Department of Punjabi, Chaudhary Devi Lal University, Sirsa, Haryana
E-mail: hardevsingh.hs24@gmail.com

ABSTRACT

*Waryam Mast is an eminent Punjabi writer who has so far made his special contribution in every field of Punjabi and Hindi literature. In the field of drama, Waryam Mast wrote and acted in 12 plays. In 1975, open 'Punjab Drama Repertory Company' in Chandigarh he was also selected as an actor where he worked with Balwant Gargi, Gopal Bajaj, Harpal Tiwana and other directors as an actor. In this golden age, Waryam Mast got a taste for acting, writing, singing and directing and thanks to this, Mast established his drama group 'Theater-79' in 1979. The drama group performed and became popular in Chandigarh, Delhi and the rest of India on contemporary socio-cultural, economic and political themes. In 1981, Waryam Mast joined the Punjab Film Division. In this research paper, the drama 'Rishte' and Bhabkka have been examined from a social background. In which the playwright has made the poor economy in our society, the peasant crisis and the way of life the subject. The play depicts the youth's desire to earn extra money, the race to get out of Punjab and the debts of poor parents who have gone abroad. Poor parents send their children abroad with land as collateral but so that their children can earn money from outside and come out of financial crisis, but parents seem to be more involved in this crisis. This play describes the rifts in relationships due to money. To fly for the play 'Bhabka' is Varyam Mast's play published in 2011 in which Waryam Mast has tried to unravel the psychological layers of a human being. The play Bhabka tries to portray the changing mindset of the young generation. In this tipycal type drama, Waryam Mast has dramatically portrayed the fleeting emotions and desires of human beings.*

**Keywords :** Social Consciousness, Varyam Mast's Plays, Punjabi and Hindi literature.

### ਖੋਜ਼ ਪੇਪਰ

ਪੰਜਾਬੀ ਨਾਟਕ ਤੇ ਰੰਗਮੰਚ ਵਿਚ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਵਿਚ ਵਰਿਆਮ ਮਸਤ ਦਾ ਨਾਂ ਵਿਸ਼ੇਸ਼ ਜ਼ਿਕਰਯੋਗ ਹੈ। ਵਰਿਆਮ ਮਸਤ ਉੱਗੇ ਪੰਜਾਬੀ ਸਾਹਿਤਕਾਰ ਹਨ ਜੋ ਹੁਣ ਤਕ ਸਾਹਿਤ ਦੇ ਹਰ ਖੇਤਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾ ਚੁੱਕੇ ਹਨ। ਵਰਿਆਮ ਮਸਤ ਕਾਲਜ ਸਮੇਂ ਲਿਖਣਾ ਅਤੇ ਯੂਥ ਫ਼ੈਸਟੀਵਲ ਦੇ ਮੁਕਾਬਲਿਆਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਉਤਸ਼ਾਹਿਤ ਹੋ ਕੇ ਵਰਿਆਮ ਮਸਤ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਖੁੱਲ੍ਹੇ ਥੀਏਟਰ ਵਿਭਾਗ ਵਿਚ ਵਿਚ ਦਾਖਲਾ ਲਿਆ। ਉਸ ਸਮੇਂ ਥੀਏਟਰ ਵਿਭਾਗ ਦੀ ਅਗਵਾਈ ਬਲਵੰਤ ਗਾਰਗੀ ਕਰ ਰਹੇ ਸਨ। ਵਰਿਆਮ ਮਸਤ ਨੇ ਬਲਵੰਤ ਗਾਰਗੀ ਦੀ ਅਗਵਾਈ ਵਿਚ 'ਡਿਪਾਰਟਮੈਂਟ ਆਫ਼ ਇੰਡੀਅਨ ਥੀਏਟਰ' ਚੰਡੀਗੜ੍ਹ ਵਿਖੇ ਨਾਟਕ ਅਤੇ ਥੀਏਟਰ ਦੀ ਤਕਨੀਕੀ ਜਾਣਕਾਰੀ ਹਾਸਿਲ ਕੀਤੀ। ਇਸੇ ਸਮੇਂ ਮਸਤ ਦੇ ਸਹਿਪਾਠੀਆਂ ਵਿਚ ਕਿਰਨ ਖੇਰ, ਕਮਲ ਤਿਵਾੜੀ, ਉਮੇਸ਼ ਕਾਂਤ, ਅਨੁਪਮ ਖੇਰ, ਹੈਰੀ ਬਵੇਜਾ, ਅਨੀਤਾ ਕੰਵਰ ਆਦਿ ਹਨ, ਜਿਨ੍ਹਾਂ ਨੇ ਰਲ ਕੇ ਨਾਟਕ ਖੇਡੇ। 1975 ਵਿਚ ਚੰਡੀਗੜ੍ਹ ਪੰਜਾਬ ਡਰਾਮਾ ਰੈਪਰੇਟਰੀ ਕੰਪਨੀ ਖੁੱਲ੍ਹੀ ਵਰਿਆਮ ਮਸਤ ਵੀ ਇਕ ਕਲਾਕਾਰ ਦੇ ਤੌਰ ਵਿਚ ਚੁਣੇ ਗਏ ਜਿੱਥੇ ਉਨ੍ਹਾਂ ਨੇ ਬਲਵੰਤ ਗਾਰਗੀ, ਗੋਪਾਲ ਬਜਾਜ, ਹਰਪਾਲ ਟਿਵਾਣਾ ਆਦਿ ਹੋਰ ਨਿਰਦੇਸ਼ਕਾਂ ਨਾਲ ਇਕ ਅਭਿਨੇਤਾ ਦੇ ਤੌਰ ਤੇ ਕੰਮ ਕੀਤਾ। ਇਸ ਸੁਨਹਿਰੀ ਦੌਰ ਵਿਚ ਵਰਿਆਮ ਮਸਤ ਵਿਚ ਅਦਾਕਾਰੀ, ਲੇਖਣ, ਗਾਉਣ ਅਤੇ ਨਿਰਦੇਸ਼ਨ ਦੀ ਚੇਟਕ ਲੱਗੀ ਅਤੇ ਇਸ ਦੀ ਬਦੌਲਤ ਮਸਤ ਨੇ 1979 ਵਿਚ ਆਪਣੇ ਨਾਟ ਗਰੁੱਪ ' ਥੀਏਟਰ-79' ਦੀ ਸਥਾਪਨਾ ਕੀਤੀ। ਇਸ ਨਾਟ ਗਰੁੱਪ ਨੇ ਚੰਡੀਗੜ੍ਹ, ਦਿੱਲੀ ਅਤੇ ਭਾਰਤ ਦੇ ਬਾਕੀ ਹਿਸਿਆਂ ਵਿਚ ਸਮਕਾਲੀ ਸਮਾਜਿਕ ਸਭਿਆਚਾਰਕ, ਆਰਥਿਕ ਅਤੇ ਰਾਜਨਿਤਿਕ ਵਿਸ਼ਿਆਂ ਸੰਬੰਧੀ ਨਾਟਕ ਖੇਡੇ ਅਤੇ ਮਕਬੂਲ ਹੋਏ। 1981 ਵਿਚ ਵਰਿਆਮ ਮਸਤ

'ਪੰਜਾਬ ਫਿਲਮ ਡਵੀਜਨ' ਵਿਚ ਭਰਤੀ ਹੋਏ। ਵਰਿਆਮ ਮਸਤ ਨੇ ਆਡੀਓ ਕੈਸੇਟ ਅਤੇ ਫਿਲਮਾਂ ਵਿਚ ਵੀ ਕੰਮ ਕੀਤਾ। ਇਸਦੇ ਨਾਲ ਨਾਲ ਉਨ੍ਹਾਂ ਨੇ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਵਰਿੰਦਰ ਦੀ ਫ਼ਿਲਮ ਚੰਨ ਪ੍ਰਦੇਸੀ, ਨਿੰਮੋ, ਭਾਵੋ, ਦੀਵਾਰ ਅਤੇ ਸਰਾਬੀ ਲਈ ਗੀਤ ਵੀ ਲਿਖੇ ਅਤੇ ਭੂਮਿਕਾ ਨਿਭਾਈ। ਚੰਨ ਪ੍ਰਦੇਸੀ ਵਿਚ ਗੀਤਾਂ ਦੀ ਅਹਿਮੀਅਤ ਨੂੰ ਦੇਖਦੇ ਹੋਏ 'ਕੌਮੀ ਰਾਸਟਰੀ ਪੁਰਸਕਾਰ' ਪ੍ਰਾਪਤ ਹੋਇਆ। ਵਰਿਆਮ ਮਸਤ ਨੇ ਇੱਕ ਡਾਕਿਯੂਮੈਂਟਰੀ ਫ਼ਿਲਮ 'ਸ੍ਰੀ ਹੇਕਕੁੰਟ ਸਾਹਿਬ' ਲਈ ਸਕਰਿਪਟ ਲਿਖੀ, ਜਿਸ ਦੇ ਲਈ ਮਸਤ ਨੂੰ ਨੈਸ਼ਲ ਪੁਰਸਕਾਰ ਨਾਲ ਨਵਾਜਿਆ ਗਿਆ। ਕੇਰਲਾ ਵਿਚ ਹੋਏ 'ਭਾਰਤੀ ਪਨੋਰਮਾ ਫ਼ਿਲਮ ਉਤਸਵ' ਵਾਸਤੇ ਮਸਤ ਨੂੰ ਚਿਤਰਕਾਰ ਸੋਭਾ ਸਿੰਘ ਉੱਪਰ ਅਧਾਰਿਤ ਬਣੀ ਫ਼ਿਲਮ 'ਪ੍ਰੋਫ਼ਾਇਲ ਆਫ਼ ਪੇਂਟਰ' ਲਈ ਚੁਣਿਆ ਗਿਆ। ਵਰਿਆਮ ਮਸਤ 1982 ਵਿਚ ਸਰਕਾਰੀ ਵਿਭਾਗ 'ਫ਼ਿਲਮ ਡਵੀਜ਼ਨ' ਵਿਚ ਸਕਰਿਪਟ ਰਾਈਟਰ ਭਰਤੀ ਹੋਏ ਅਤੇ ਵਿਭਾਗ ਵਿਚ ਕੰਮ ਕਰਦਿਆਂ ਲਗਭਗ 200 ਦਸਤਾਵੇਜ਼ੀ ਫ਼ਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ ਵਿਚੋਂ ਦੋ ਫ਼ਿਲਮਾਂ ਨੂੰ 'ਰਾਸਟਰੀ ਪੁਰਸਕਾਰ' ਵੀ ਮਿਲਿਆ। ਇਸ ਉਪਰੰਤ ਪੰਜਾਬ ਸਰਕਾਰ ਦੇ 'ਸੰਗੀਤ ਅਤੇ ਨਾਟਕ ਡਿਵਿਜ਼ਨ' ਵਿਚ ਮਸਤ ਦੀ ਲੋ ਸੰਪਰਕ ਅਧਿਕਾਰੀ (ਸੰਗੀਤ ਤੇ ਨਾਟਕ) ਦੇ ਤੌਰ ਤੇ ਨਿਯੁਕਤੀ ਹੋਈ ਤੇ ਚੰਡੀਗੜ੍ਹ ਵਿਚ ਮਸਤ ਦੇ ਇਸ ਵਿਭਾਗ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਨਾਟਕ ਕਰਨ ਵਾਲੇ ਕਲਾਕਾਰਾਂ ਨੂੰ ਨਾਟਕ ਦੀ ਟਰੇਨਿੰਗ ਦਿੱਤੀ ਅਤੇ ਸੈਂਟਰ ਡਰਾਮਾ ਗਰੁੱਪ ਦੇ ਨਾਲ ਨਾਲ ਬਹੁਤ ਸਾਰੇ ਸਾਹਿਤਕ ਕ੍ਰਮ ਕੀਤੇ। 1991 ਵਿਚ ਵਰਿਆਮ ਮਸਤ ਭਾਰਤ ਸਰਕਾਰ ਦੇ 'ਸੰਗੀਤ ਤੇ ਨਾਟਕ ਵਿਭਾਗ' ਵਿਚ ਡਿਪਟੀ ਡਾਇਰੈਕਟਰ ਦੇ ਆਹੁਦੇ ਤੇ ਨਿਯੁਕਤ ਹੋਏ। ਵਰਿਆਮ ਮਸਤ ਨੇ ਬੰਗਲੋਰ, ਕੇਰਲਾ, ਕਰਨਾਟਕਾ, ਤਾਮਿਲਨਾਡੂ, ਅੰਡੋਮਾਨ, ਆਧਰਾਂ ਪ੍ਰਦੇਸ਼ ਦੇ ਕਲਾਕਾਰਾਂ ਨਾਲ ਕੰਮ ਕੀਤਾ ਤੇ ਉਹਨਾਂ ਦੀ ਭਾਸ਼ਾ, ਨਾਟਕੀ ਯੁਗਤ ਅਤੇ ਲੋਕ ਨਾਟਕ ਨੂੰ ਨੇੜੇ ਤੋਂ ਵਾਚਿਆ ਜਿਸ ਦਾ ਅਸਰ ਵਰਿਆਮ ਮਸਤ ਦੇ ਨਾਟਕਾਂ ਵਿਚ ਦੇਖਣ ਨੂੰ ਮਿਲਦਾ ਹੈ। ਵਰਿਆਮ ਮਸਤ ਦੇ ਰਚਨਾ ਸੰਸਾਰ ਨੂੰ ਵਾਚਦੇ ਹਾਂ ਤਾਂ ਉਨ੍ਹਾਂ ਨੇ ਪੰਜਾਬੀ, ਹਿੰਦੀ ਵਿਚ ਆਪਣੀਆਂ ਰਚਨਾਵਾਂ ਪ੍ਰਦਾਨ ਕੀਤੀਆਂ ਹਨ। ਜਿਸ ਵਿਚ ਗਜ਼ਲ ਸੰਗ੍ਰਿਹ, ਨਾਟਕ ਅਤੇ ਗੀਤ ਸੰਗ੍ਰਹਿ ਹੈ। ਹੁਣ ਤੱਕ ਵਰਿਆਮ ਮਸਤ ਨੇ ਲਗਭਗ 12 ਨਾਟਕਾਂ, ਇੱਕ ਗੀਤ ਸੰਗ੍ਰਿਹ, ਦੋ ਗਜ਼ਲ ਸੰਗ੍ਰਹਿ, ਇਕ ਕਹਾਣੀ ਸੰਗ੍ਰਿਹ ਅਤੇ ਅਪਣੇ ਨਾਟਕੀ ਸਫ਼ਰ ਦੇ ਅਨੁਭਵ ਨੂੰ 'ਮਾਈ ਥੀਏਟਰ ਡੇ' ਕਿਤਾਬ ਵਿਚ ਪੇਸ਼ ਕਰਕੇ ਸਾਹਿਤਕ ਖੇਤਰ ਵਿਚ ਅਹਿਮ ਯੋਗਦਾਨ ਦਿੱਤਾ। 1990 ਤੋਂ ਵਰਿਆਮ ਮਸਤ 'ਨਾਟਕ ਬਾਕੀ ਹੈ' ਨਾਟ ਸੰਗ੍ਰਹਿ ਰਾਹੀਂ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਰਦਾ ਹੈ। ਇਸਦੇ ਨਾਲ ਨਾਲ ਇਹ ਨਾਟਕ ਪ੍ਰਤੱਖ ਰੂਪ ਵਿਚ ਪੰਜਾਬੀ ਜਨ-ਜੀਵਨ ਵਿਚਲੇ ਨਾਜ਼ੁਕ ਦੌਰ ਲਈ ਜਿੰਮੇਵਾਰ ਤਾਕਤਾਂ ਉਪਰ ਇੱਕ ਵਿਅੰਗਮਈ ਸੱਟ ਹੈ। ਇਸ ਨਾਟਕ ਵਿਚ ਵਰਿਆਮ ਮਸਤ ਨੇ ਔਰਤ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਹੈ। ਜੋ ਸਮਾਜ ਵਿਚਲੇ ਕੁਪ੍ਰਬੰਧ ਤੇ ਕਟਾਖਸ਼ ਕਰਦਾ ਹੈ।

ਵਰਿਅਗਮ ਮਸਤ ਆਪਣੇ ਨਾਟਕਾਂ ('ਰਿਸ਼ਤੇ ਤੇ ਭਬੱਕ') ਵਿਚ ਮਨੁੱਖ ਦੀਆਂ ਸਮਾਜਿਕ, ਮਾਨਸਿਕ ਅਤੇ ਆਰਥਿਕ ਸਥਿਤੀਆਂ ਨੂੰ ਪੇਸ਼ ਕੀਤਾ ਹੈ। ਨਾਟਕ 'ਰਿਸ਼ਤੇ' ਵਿਚ ਬੰਤਾ ਸਿੰਘ ਦਾ ਪਰਿਵਾਰ ਆਰਥਿਕ ਮੰਦੀ ਕਾਰਨ ਸਮੱਸਿਆਵਾਂ ਦੇ ਤਾਣੇ ਵਿਚ ਉਲਝਦਾ ਹੋਇਆ, ਜ਼ਿੰਦਗੀ ਦੇ ਅੰਤ ਸੰਕਟਗ੍ਰਸਤ ਪੜਾਅ ਚੋਂ ਗੁਜ਼ਰ ਰਿਹਾ ਹੈ।ਮਸਤ ਨੇ ਛੋਟੀ ਕਿਸਾਨੀ ਦੀ ਮੰਦੀ ਆਰਥਿਕ ਸਥਿਤੀ ਦੇ ਸੰਦਰਭ ਵਿਚ ਯਥਾਰਥਵਾਦੀ ਢੰਗ ਨਾਲ ਲੋਕਾਂ ਦੇ ਦੁਖਾਂਤ ਨੂੰ ਬਿਆਨ ਕੀਤਾ ਹੈ।ਛੋਟੀ ਕਿਸਾਨੀ ਦੀ ਮੰਦਹਾਲੀ ਕਾਰਨ ਪੈਦਾ ਹੋਇਆ ਦੁਖਾਂਤ ਹੀ ਇਸ ਨਾਟਕ ਦਾ ਕੇਂਦਰੀ ਧੁਰਾ ਹੈ।ਆਪਣੀ ਆਰਥਿਕਤਾ ਨੂੰ ਸੁਧਾਰਨ ਲਈ, ਉਹ ਆਪਣੀ ਜ਼ਮੀਨ ਆਦਿ ਗਹਿਣੇ ਰੱਖ ਕੇ ਆਪਣੇ ਬੱਚਿਆਂ ਨੂੰ ਲਈ ਵਿਦੇਸ਼ਾਂ ਵਿਚ ਭੇਜਦੇ ਹਨ। ਕਮਾਉਣ ਗਏ ਇਹ ਨੌਜਵਾਨ ਉਨ੍ਹਾਂ ਮੁਲਕਾਂ ਦੇ ਮੁੱਲ-ਪ੍ਰਬੰਧ ਵਿਚ ਵਿਚਰਦੇ ਆਪਣਾ ਪਿੱਛਾ ਭੁੱਲ ਜਾਂਦੇ ਹਨ।ਵਰਿਆਮ ਮਸਤ ਨੇ ਨਾਟਕ ਵਿਚ ਵਿਦੇਸ਼ ਗਏ ਪੁੱਤਰ ਉੱਤੇ ਆਸ ਰੱਖੀ ਬੈਠੇ ਮਾਪਿਆਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ।ਬੰਤਾ ਸਿੰਘ ਤੇ ਪ੍ਰੀਮੀ ਆਪਣੇ ਵਿਦੇਸ਼ੋਂ ਪਰਤੇ ਪੁੱਤਰ ਤੋਂ ਗਹਿਣੇ ਪਈ ਜ਼ਮੀਨ ਛਡਾਉਣ ਲਈ ਪੈਸਿਆਂ ਦੀ ਆਸ ਕਰਦੇ ਹਨ।ਪਰ ਉਹ ਇਸ ਗੱਲ ਤੋਂ ਸਾਫ਼ ਮੁਨਕਰ ਹੋ ਜਾਂਦਾ ਹੈ। ਉਹ ਕੁੱਝ ਦੇਣ ਦੀ ਬਜਾਏ ਜ਼ਮੀਨ ਵਿਚੋਂ ਆਪਣਾ ਹਿੱਸਾ ਮੰਗਦਾ ਹੋਇਆ ਆਖਦਾ ਹੈ।

*ਬੰਤਾ ਸਿੰਘ : ਪੁੱਤ ਤੈਨੂੰ ਤਾਂ ਪਤਾ ਈ ਹੈ, ਉਹ ਜ਼ਮੀਨ ਤਾਂ ਗਹਿਣੇ ਪਈ ਐ,*

*ਪੀਤਾ : ਪੈਸੇ? ਮੇਰੇ ਕੋਲ ਤਾਂ ਕਾਣੀ ਕੌਡੀ ਨੀ ..... ਮੇਰਾ ਜੋ ਬਣਦਾ ਇਹ ਘਰ 'ਚੋਂ ਹਿੱਸਾ ਦਿਓ।*[2]

ਸਮਾਜ ਢਾਂਚੇ ਵਿਚ ਵੱਖ-ਵੱਖ ਸਮਾਜਿਕ ਬਣਤਰਾਂ ਵਿਚ ਰਿਸ਼ਤਿਆਂ ਦਾ ਮੁੱਲ ਵੱਖ-ਵੱਖ ਹੁੰਦਾ ਹੈ। ਉਹ ਰਿਸ਼ਤੇ ਜੋ ਮਨੁੱਖੀ ਜਾਤੀ, ਨਸਲੀ ਬੰਦਿਆਂ ਤੋਂ ਮੁਕਤ ਅਤੇ ਖ਼ਾਸ ਆਦਰਸ਼ਕ ਵਾਲੇ ਹੁੰਦੇ ਹਨ, ਉਹ ਮਾਨਵੀ ਰਿਸ਼ਤੇ ਕਹਾਉਂਦੇ ਹਨ।ਮਾਨਵੀ ਰਿਸ਼ਤਿਆਂ ਨੂੰ ਦੁਨੀਆ ਵਿਚ ਮਹਾਨ ਤੇ ਉੱਚਾ ਦਰਜਾ ਦਿੱਤਾ ਜਾਂਦਾ ਹੈ।ਇਹ ਰਿਸ਼ਤੇ ਹੌਲੀ-ਹੌਲੀ ਗੁੰਝਲਦਾਰ ਹੁੰਦੇ ਜਾਂਦੇ ਹਨ।ਇਨ੍ਹਾਂ ਰਿਸ਼ਤਿਆਂ ਦੀ

ਬੁਨਿਆਦ ਪਿਆਰ ਨਹੀਂ ਸਗੋਂ ਨਿੱਜੀ ਹਿਤਾਂ, ਸੁਆਰਥਾਂ ਦੀ ਪੂਰਤੀ ਹੁੰਦੀ ਹੈ। ਡਾ. ਪੁਸ਼ਵਿੰਦਰ ਕੌਰ ਦੇ ਸ਼ਬਦਾਂ ਅਨੁਸਾਰ:

*ਅੱਜ ਦਾ ਯੁੱਗ ਮੰਡੀ ਦਾ ਯੁੱਗ ਹੈ।ਤੇਜ਼ਧਾਰ ਤਬਦੀਲੀਆਂ ਅਤੇ ਆਰਥਿਕ ਆਧਾਰਾਂ ਦੇ ਬਦਲਣ ਦੇ ਨਾਲ-ਨਾਲ ਰਿਸ਼ਤਿਆਂ ਵਿਚ ਵੀ ਕ੍ਰਾਂਤੀਕਾਰੀ ਤਬਦੀਲੀ ਵਾਪਰਦੀ ਹੈ। ਵਿਸ਼ਵੀਕਰਨ ਦੇ ਇਸ ਯੁੱਗ ਵਿਚ ਮਨੁੱਖ ਬਹੁਤ ਇਕੱਲਾ ਕਾਰਾ ਹੋ ਕੇ ਰਹਿ ਗਿਆ ਹੈ। ਰਿਸ਼ਤਿਆਂ ਵਿਚ ਜਿਸ ਗਤੀ ਨਾਲ ਬਦਲਾਓ ਆ ਰਿਹਾ ਹੈ ਉਸ ਤੋਂ ਵੱਧ ਗਤੀ ਨਾਲ ਰਿਸ਼ਤਿਆਂ ਵਿਚ ਟੁੱਟ-ਭੱਜ ਵਾਪਰ ਰਹੀ ਹੈ।*[3]

ਹਰ ਵਿਅਕਤੀ ਆਪਣੀ ਵਿਲੱਖਣ ਹੋਂਦ ਸਥਾਪਿਤ ਕਰਨਾ ਚਾਹੁੰਦਾ ਹੈ। ਉਹ ਆਪਣੇ ਹਿਤਾਂ ਦੀ ਪੂਰਤੀ ਲਈ ਆਪਣੇ ਆਲੇ-ਦੁਆਲੇ ਵਿਚਰਦੇ ਵਿਅਕਤੀਆਂ ਨੂੰ ਇੱਛਾ ਅਨੁਸਾਰ ਵਰਤਣ ਦੀ ਕੋਸ਼ਿਸ਼ ਕਰਦਾ ਹੈ।ਇਹ ਕਹਾਣੀ ਨਿਰੋਲ ਪੰਜਾਬੀ ਸਭਿਆਚਾਰ ਨਾਲ ਮੇਲ ਖਾਂਦੀ ਹੈ।ਜਿਸ ਵਿਚ ਘਰ ਤੋਂ ਮਾਂ- ਬਾਪ ਆਪਣੀ ਜ਼ਮੀਨ ਗਿਰਵੀ ਰੱਖ ਆਪਣੇ ਪੁੱਤਰ ਦਾ ਭਵਿੱਖ ਉਜਲਾ ਕਰਨ ਦੇ ਛਲਾਵੇ ਵਿਚ ਬਾਹਰ ਭੇਜਦੇ ਹਨ।ਬਾਅਦ ਵਿਚ ਪੱਛਮੀ ਸਭਿਆਚਾਰ ਵਿਚ ਨਸ਼ਆਇਆ ਆਪਣੀ ਔਕਾਤ ਭੁੱਲਾ ਜਾਂਦਾ ਹੈ।16ਵਰਿਆਮ ਮਸਤ ਦਾ ਨਾਟਕ 'ਰਿਸ਼ਤੇ' ਖ਼ੂਨ ਦੇ ਰਿਸ਼ਤਿਆਂ ਵਿਚ ਆ ਰਹੀ ਦਰਾਰ ਦੀ ਗਵਾਹੀ ਭਰਦਾ ਹੈ ਕਿ ਹਰ ਮਨੁੱਖ ਆਪਣੇ ਸੁਆਰਥ ਨੂੰ ਕੇਂਦਰੀ ਧੁਰਾ ਬਣਾ ਕੇ ਰਿਸ਼ਤਿਆਂ ਤੋਂ ਮੁਨਕਰ ਹੁੰਦਾ ਦਿਖਾਈ ਦਿੰਦਾ ਹੈ।ਪੀਤਾ ਮਾਂ ਵੱਲੋਂ ਪੇਸ਼ ਕੀਤੇ ਪਾਣੀ ਦੇ ਗਿਲਾਸ ਨੂੰ ਵੀ ਨੱਕ-ਬੁੱਲ੍ਹ ਚਾੜ੍ਹਦਾ ਹੋਇਆ ਆਖਦਾ ਹੈ:

*"ਚਲੋ ਪਾਣੀ ਪੀ ਲੈਣੇ ਆ।ਮੰਮਾ ਅਸੀਂ ਅਮਰੀਕਾ ਵਿਚ ਪਾਣੀ ਪੀਂਦੇ ਹੀ ਨਹੀਂ ਜੂਸ ਪੀਂਦੇ ਹਾਂ ਜੂਸ(ਪਾਣੀ ਪੀਂਦਾ ਹੈ) ਮੈਂ ਆਉਂਦੇ ਦੇਖਿਆ, ਭਾਰਤ ਵਿਚ ਗੰਦਗੀ ਬਹੁਤ ਆ, ਗ਼ਰੀਬੀ ਬਹੁਤ ਆ ਤੁਸੀਂ ਇਸ ਪਿੰਡ ਵਿਚ ਕਿਵੇਂ ਰਹਿੰਦੇ ਹੋ।*[4]

ਨਾਟਕ ਵਿਚ ਪੀਤੇ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ ਜੋ ਅਮਰੀਕਾ ਜਾ ਕੇ ਉੱਥੋਂ ਦੇ ਸਭਿਆਚਾਰ ਵਿਚ ਲੀਨ ਹੋ ਜਾਂਦਾ ਹੈ।ਪੀਤੇ ਉੱਪਰ ਪੱਛਮੀ ਸਭਿਆਚਾਰ ਦੀ ਪਰਤ ਚੜ੍ਹਨ ਕਾਰਨ ਉਹ ਆਪਣੀ ਮੰਗ ਛੱਡ ਕੇ ਮੇਮ ਨਾਲ ਵਿਆਹ ਕਰਵਾ ਲੈਂਦਾ ਹੈ।ਵਰਿਆਮ ਮਸਤ ਦੋਹਾਂ ਸੱਭਿਆ ਚਾਰਾਂ ਦੇ ਟਾਕਰੇ ਰਾਹੀਂ ਨੌਜਵਾਨ ਵਰਗ ਨੂੰ ਵੰਗਾਰਦਾ ਹੈ ਕਿ ਉਹ ਓਪਰੀ ਲਿਸ਼ਕ-ਪੁਸ਼ਕ ਵਿਚ ਆਪਣੇ ਸਭਿਆਚਾਰ ਤੋਂ ਬੇਮੁੱਖ ਹੋ ਰਹੇ ਹਨ।ਨਾਟਕ ਵਿਚ ਤਣਾਓਗ੍ਰਸਤ ਹਾਲਾਤ ਉਸ ਸਮੇਂ ਗੰਭੀਰ ਹੋ ਜਾਂਦੇ ਹਨ ਜਦੋਂ ਪੀਤੇ ਤੋਂ ਡਾਲਰਾਂ ਦੀ ਆਸ ਲਾਈ ਬੈਠਾ ਬੰਤਾ ਸਿੰਘ ਨੂੰ ਕੋਰੇ ਜਵਾਬਾਂ ਰਾਹੀਂ ਸਾਰੀਆਂ ਯੋਜਨਾਵਾਂ ਤੇ ਪਾਣੀ ਫਿਰਦਾ ਨਜ਼ਰ ਆਉਂਦਾ ਹੈ ਜਦੋਂ ਪੀਤਾ ਪੈਸੇ ਦੇਣ ਤੋਂ ਪਲ੍ਹਾ ਝਾੜ ਦਿੰਦਾ ਹੈ ਤੇ ਕਹਿੰਦਾ ਹੈ:

*ਪੀਤਾ: ਪੈਸੇ?ਮੇਰੇ ਕੋਲ ਤਾਂ ਕਾਣੀ ਕੌਡੀ ਨਹੀਂ, ਅਮਰੀਕਾ ਵਿਚ ਡਾਲਰਾਂ ਨੂੰ ਲੋਕ ਧੀਆਂ ਪੁੱਤਾਂ ਨਾਲੋਂ ਵੱਧ ਪਿਆਰ ਕਰਦੇ ਨੇ।ਤੇ ਜ਼ਮੀਨ ਮੇਰੀ ਧੀ ਪੁੱਤ ਨਹੀਂ ਮੈ ਕੀ ਕਰਨਾ ਇਹਨੂੰ।ਮੇਰਾ ਜੋ ਬਣਦਾ ਇਸ ਘਰ 'ਚੋਂ ਹਿੱਸਾ ਦਿਓ।*[5]

ਪੀਤੇ ਦੀ ਇਸ ਵਾਰਤਾਲਾਪ ਤੋਂ ਦੋ ਸਭਿਆਚਾਰ ਦੀ ਵਿਚਾਰਧਾਰਾ ਟਕਰਾਉਂਦੀ ਦਿਖਾਈ ਦਿੰਦੀ ਹੈ।ਬੰਤਾ ਸਿੰਘ ਬਾਹਰ ਭੇਜਣ ਸਮੇਂ ਦਿੱਤੇ ਪੈਸੇ ਮੋੜਨ ਦੀ ਗੱਲ ਕਰਦਾ ਹੈ।ਪਰ ਪੀਤਾ ਜ਼ਮੀਨ ਅਤੇ ਘਰ ਵਿਚ ਹੀ ਹਿੱਸਾ ਲੈ ਕੇ ਕਰਜ਼ਾ ਮੋੜਨ ਦੀ ਹਾਮੀ ਭਰਦਾ ਹੈ।ਨਾਟਕਕਾਰ ਨੇ ਪੀਤੇ ਨੂੰ ਅਜਿਹੇ ਹੀ ਪਾਤਰ ਦੇ ਰੂਪ ਵਿਚ ਉਜਾਗਰ ਕੀਤਾ ਹੈ ਜੋ ਪੈਸੇ ਦੀ ਚਕਾਚੌਂਧ ਵਿਚ ਅੰਨ੍ਹਾ ਹੋ ਚੁੱਕਾ ਹੈ। ਉਸ ਲਈ ਪੈਸਿਆਂ ਦੀ ਅਹਿਮੀਅਤ ਪਰਿਵਾਰ ਨਾਲੋਂ ਕਿਤੇ ਵੱਧ ਕੇ ਹੈ।ਸਾਰੀ ਜ਼ਮੀਨ ਗਹਿਣੇ ਪਈ ਹੋਣ ਦੇ ਬਾਵਜੂਦ ਪੀਤੇ ਦੇ ਮਨ ਵਿਚ ਡਰ ਹੈ ਕਿ ਕਿਤੇ ਜ਼ਮੀਨ ਦਾ ਮਾਲਕ ਕਾਲਾ ਨਾ ਬਣ ਜਾਵੇ।ਵਰਿਆਮ ਮਸਤ ਨਾਟਕ ਵਿਚ ਭਰਾਵਾਂ ਵਿਚ ਪਈ ਫਿੱਕ ਨੂੰ ਨਾਟਕ ਵਿਚ ਜ਼ਮੀਨ ਨੂੰ ਆਧਾਰ ਬਣਾ ਕੇ ਪੇਸ਼ ਕੀਤਾ ਹੈ।ਅਮਰੀਕਾ ਦੇ ਡਾਲਰਾਂ ਦੀ ਚਮਕ ਵੇਖ ਕੇ ਮਨੁੱਖ ਡਾਲਰਾਂ ਵਿਚ ਹੀ ਗੁਆਚ ਜਾਂਦਾ ਹੈ।ਇੱਥੇ ਹੀ ਵਰਿਆਮ ਮਸਤ ਨੇ ਨਵੇਂ ਰਿਸ਼ਤਿਆਂ ਨੂੰ ਜਨਮ ਦਿੱਤਾ ਹੈ ਜੋ ਆਧੁਨਿਕਤਾ ਵਿਚ ਪੈਦਾ ਹੋ ਰਹੇ ਹਨ।

ਵਰਿਆਮ ਮਸਤ ਨਾਟਕ 'ਭਬੱਕਾ' ਵਿਚ ਸਮਲਿੰਗੀ ਰਿਸ਼ਤਿਆਂ ਨੂੰ ਨਾਟਕ ਵਿਚ ਮਨੁੱਖੀ ਘਾਣ ਦਾ ਕਾਰਨ ਦੱਸਦਾ ਹੈ।ਨਾਟਕ ਵਿਚ ਸੁਨੀਤਾ ਅਤੇ ਨੂੰਹ ਲਵਲੀ ਦੇ ਪ੍ਰਵੇਸ਼ ਨਾਲ ਰਿਸ਼ਤਿਆਂ ਉੱਤੇ ਬਹਿਸ ਛਿੜਦੀ ਹੈ ਅਤੇ ਅਜੋਕੇ ਮਨੁੱਖ ਦੀ ਸਮਝੌਤਾਵਾਦੀ ਬਿਰਤੀ ਨਿੱਖਰ ਕੇ ਸਾਹਮਣੇ ਆਉਂਦੀ ਹੈ।ਲਵਲੀ ਦਾ ਵਾਰਤਾਲਾਪ ਰਿਸ਼ਤਿਆਂ ਦੇ ਨਿਘਾਰ ਦੀ ਬਾਤ ਪਾਉਂਦਾ ਹੈ।ਨਾਟਕ ਵਿਚ ਖੁੱਲ੍ਹਦੇ ਭੇਤ ਤੋਂ ਲਵਲੀ ਦੇ ਪਿਤਾ ਦਾ ਨਿਪੁੰਸਕ ਹੋਣ ਦਾ ਭੇਤ ਖੁੱਲ੍ਹਦਾ ਹੈ।ਲਵਲੀ ਬੇਬਾਕ ਬੋਲਦੀ ਹੋਈ ਕਹਿੰਦੀ ਹੈ:

*ਲਵਲੀ : ਉਸ ਨੇ ਸਾਰੀ ਬਿਰਾਦਰੀ ਇਕੱਠੀ ਕੀਤੀ। ਤੇ ਚੀਕ ਚੀਕ ਕੇਕਿਹਾ ਮੈਂ ਕੇ ਮੈਂ ਹਰਾਮ ਦੀ ਔਲਾਦ ਹਾਂ।ਉਸ ਨੇ ਗੁੱਸੇ ਵਿਚ ਆਪਣਾ ਚਾਦਰਾ ਖੋਲ੍ਹ ਕੇ ਵਗਾਹ ਮਾਰਿਆ।ਦੇਖੋ? ਦੇਖੋ? ਕੀ ਮੈਂ ਕੁੜੀ ਜਮਾ ਸੱਕਣਾਂ?6*

ਨਾਟਕ ਵਿਚ ਲਵਲੀ ਵੀ ਆਪਣੀ ਮਾਂ ਵਾਂਗ ਅਜਿਹੇ ਹੀ ਹਾਲਤ ਵਿਚੋਂ ਗੁਜ਼ਰਦੀ ਹੈ ਕਿ ਉਸ ਨੂੰ ਆਪਣੇ ਪਤੀ ਅਰੁਣ ਵਿਚੋਂ ਪੂਰਾ ਮਰਦ ਪ੍ਰਾਪਤ ਨਹੀਂ ਹੁੰਦਾ ਜੋ ਕਿ ਉਸ ਦੇ ਜੀਵਨ ਨੂੰ ਸੰਤੁਸ਼ਟ ਕਰ ਸਕੇ ਉਸ ਦੇ ਜੀਵਨ ਦੇ ਵੇਗ ਨੂੰ ਹੋਰ ਵੀ ਤੇਜ਼ ਕਰ ਸਕੇ

ਤੇ।ਉਹ ਅਜਿਹੇ ਮਰਦ ਦੀ ਤਲਾਸ਼ ਵਿਚ ਹੈ ਜੋ ਉਸ ਦੀ ਰਾਖੀ ਕਰ ਸਕੇ ਤੇ ਉਸ ਦਾ ਹੋਵੇ।ਵਰਿਆਮ ਮਸਤ ਨਾਟਕ ਵਿਚ ਬਿਆਨ ਕਰਦਾ ਹੈ ਕਿ ਔਰਤ ਤੇ ਮਰਦ ਦੋਵੇਂ ਹੀ ਇੱਕ ਤਰ੍ਹਾਂ ਨਾਲ ਆਪਣੇ ਸੰਪੂਰਨ ਤੇ ਕੁਦਰਤੀ ਰੂਪ ਨੂੰ ਗੁਆ ਚੁੱਕੇ ਹਨ ਉਹ ਇੱਕ-ਦੂਜੇ ਲਈ ਪੂਰਨ ਨਹੀਂ ਹਨ ਤੇ ਜਿਸ ਕਰਕੇ ਉਨ੍ਹਾਂ ਦੇ ਰਿਸ਼ਤੇ ਮੰਝਧਾਰ ਵਿਚ ਗੋਤੇ ਖਾਂਦੀ ਬੇੜੀ ਵਾਂਗ ਹਨ, ਜਿਸ ਨੂੰ ਕਦੇ ਵੀ ਕਿਨਾਰਾ ਨਹੀਂ ਮਿਲਦਾ ਤੇ ਪੂਰਾ ਜੀਵਨ ਭਟਕਣਾ ਦਾ ਸ਼ਿਕਾਰ ਰਹਿੰਦੇ ਹਨ।ਮਨੁੱਖੀ ਜੀਵਨ ਦੀ ਇਸ ਉਥਲ-ਪੁਥਲ ਤੇ ਡਾਵਾਂਡੋਲ ਸਥਿਤੀ ਦਾ ਕਾਰਨ ਨਾਟਕਕਾਰ ਕੁਦਰਤੀ ਸੰਤੁਲਨ ਦੇ ਵਿਗੜ ਜਾਣ ਨੂੰ ਦੱਸਦਾ ਹੈ। ਕੁਦਰਤ ਨਾਲ ਮਨੁੱਖ ਦੀ ਛੇੜਛਾੜ ਕਾਰਨ ਪੂਰੇ ਜੀਵ-ਜਗਤ ਦਾ ਸੰਤੁਲਨ ਵਿਗੜ ਗਿਆ ਹੈ। ਇਸ ਦਾ ਸਭ ਤੋਂ ਮਾੜਾ ਅਸਰ ਮਨੁੱਖੀ ਰਿਸ਼ਤਿਆਂ 'ਤੇ ਪਿਆ ਹੈ। ਜਿਸ ਕਾਰਨ ਔਰਤ ਦੀ ਸਥਿਤੀ ਹੋਰ ਵੀ ਮਾੜੀ ਹੋ ਗਈ ਹੈ। ਸਮਾਜ ਵਿਚ ਔਰਤ ਦੀ ਮਾੜੀ ਸਥਿਤੀ ਦਾ ਖ਼ੁਲਾਸਾ ਧੀਰੂ ਦੇ ਇੱਕ ਵਾਰਤਾਲਾਪ ਤੋਂ ਵੀ ਹੁੰਦਾ ਹੈ ਜਦੋਂ ਉਹ ਕਹਿੰਦਾ ਹੈ

*ਧੀਰੂ :''ਆਖ਼ਰ ਔਰਤ ਕਦੋਂ ਤੱਕ ਚੂੰਡੀ ਜਾਂਦੀ ਰਹੇਗੀ ? ਮੈਂ ਸੋਚਣਾ ਜਦ ਤੱਕ ਇਸ ਧਰਤੀ 'ਤੇ ਆਦਮੀ ਤੇ ਔਰਤ ਦੀ ਹੋਂਦ ਏ ਜਦੋਂ ਤੱਕ ਇਸ ਧਰਤੀ 'ਤੇ ਸਾਰਾ ਪਾਣੀ ਮੁੱਕ ਨਹੀਂ ਜਾਂਦਾ। ਸਮੁੰਦਰ ਤੇ ਕਲ-ਕਲ ਕਰਦੀਆਂ ਨਦੀਆਂ ਆਪਣੇ-ਆਪ ਵਿਚ ਸੁੰਗੜ ਕੇ ਇੱਕ ਬੂੰਦ ਨਹੀਂ ਬਣ ਜਾਂਦੀਆਂ ਬੱਸ!ਔਰਤ ਨਾਲ ਇਸੇ ਤਰ੍ਹਾਂ ਹੀ ਹੁੰਦਾ ਰਹੇਗਾ।*[7]

ਇਸ ਹਾਲਤ ਨੂੰ ਬਦਲਣ ਲਈ ਉਹ ਪੁਰਾਣੀਆਂ ਸਭ ਖੇਡਾਂ ਨੂੰ ਬਦਲਣਾ ਚਾਹੁੰਦੇ ਹਨ ਕਿਉਂਕਿ ਇਹ ਆਪਣੇ ਅਰਥ ਗੁਆ ਚੁੱਕੀਆਂ ਹਨ, ਅਜਿਹੀ ਖੇਡ ਖੇਡਣਾ ਚਾਹੁੰਦੇ ਹਨ ਜਿਸ ਵਿਚ ਸਦੀਆਂ ਤੋਂ ਹਾਰਦੀ ਆ ਰਹੀ ਔਰਤ ਰਾਹੇ ਨਾ ਸਗੋਂ ਔਰਤ ਤੇ ਮਰਦ ਦੋਵੇਂ ਜਿੱਤਣ ਭਾਵ ਦੋਹਾਂ ਦਾ ਬਰਾਬਰ ਵਾਲਾ ਸਥਾਨ ਹੋਵੇ।ਨਾਟਕਕਾਰ ਵਰਿਆਮ ਮਸਤ ਸੁਚੇਤ ਜੀਵਨ ਉੱਪਰ ਸੈਕਸ ਦੇ ਭਾਰੂ ਹੋਣ ਨੂੰ ਬਿਆਨ ਕਰ ਰਿਹਾ ਹੈ।ਨਜਾਇਜ਼ ਸੰਬੰਧਾਂ ਕਾਰਨ ਵਿਸੰਗਤੀਆਂ ਪੈਦਾ ਹੁੰਦੀਆਂ ਹਨ। ਵਿਸ਼ਵੀਕਰਨ ਦੇ ਦੌਰ ਵਿਚ ਉਦਾਰਵਾਦੀ ਵਿਚਾਰਾਂ ਤੇ ਲੋਕਤੰਤਰੀ ਸ਼ਾਸਨ ਦੇ ਵਿਕਾਸ ਸਦਕਾ ਪੈਦਾ ਹੋਈ ਚੇਤਨਾ ਨੇ ਪੇਂਡੂ-ਸਭਿਆਚਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜਿਸ ਕਰਕੇ ਮੱਧ ਵਰਗ ਵਿਚ ਜਾਗ੍ਰਿਤੀ ਦਾ ਆਰੰਭ ਹੋਇਆ ਹੈ।ਜਿੱਥੇ ਪੁਰਾਣੀ ਪੀੜ੍ਹੀ ਆਪਣੇ ਵਿਰਸੇ ਨਾਲ ਬੱਝੀ ਭੂਤ ਵਰਤਮਾਨ ਤੇ ਭਵਿੱਖ ਦੇ ਸੁਪਨੇ ਦੇਖ ਰਹੀ ਹੈ, ਉੱਥੇ ਨਵੀਂ ਪੀੜ੍ਹੀ ਆਪਣੇ ਹੱਕਾਂ ਪ੍ਰਤੀ ਸੁਚੇਤ ਹੁੰਦੀ ਦਿਖਾਈ ਦਿੰਦੀ ਹੈ।ਨਾਟਕ ਵਿਚ ਮੁੰਡਾ ਪਾਤਰ ਨਵੀਂ ਪੀੜ੍ਹੀ ਦਾ ਸੂਚਕ ਬਣ ਕੇ ਆਪਣੇ ਕਿੱਤੇ ਤੇ ਪਰਿਵਾਰਿਕ ਪਿਛੋਕੜ ਨੂੰ ਸਾਹਮਣੇ ਰੱਖ ਕੇ ਨਵੀਆਂ ਰਾਹਾਂ ਦੀ ਤਲਾਸ਼ ਵੱਲ ਵਧਦਾ ਦਿਖਾਈ ਦਿੰਦਾ ਹੈ। ਨਾਟਕ (ਘਰਲੀ) ਵਿਚ ਮੁੰਡੇ ਦਾ ਕਾਮਰੇਡੀ ਬਣਨ ਦੇ ਪ੍ਰਵਚਨ ਨਾਲ ਨਾਟਕ ਸਰਮਾਏਦਾਰੀ ਪ੍ਰਬੰਧ ਉੱਤੇ ਵਿਅੰਗ ਕਰਦਾ ਹੈ ਮੁੰਡਾ ਆਪਣੇ ਹੱਕ ਪ੍ਰਾਪਤ ਕਰਨ ਲਈ ਬਗ਼ਾਵਤ ਕਰਦਾ ਹੈ। ਉਹ ਲੋਕਾਂ ਨੂੰ ਜਾਗ੍ਰਿਤ ਕਰਦਾ ਹੋਇਆ ਕਹਿੰਦਾ ਹੈ ਕਿ:

*ਮੁੰਡਾ : ਇਹੀ ਸਿੱਧਾ ਪਾਸਾ ਹੈ। ਮੈਂ ਲਾਮਬੰਦ ਕਰਨਾ ਏ ਲੋਕਾਂ ਨੂੰ।ਅਮੀਰ ਲੋਕ ਲੁੱਟ ਕੇ ਹੋਰ ਅਮੀਰ ਹੁੰਦੇ ਜਾਂਦੇ ਹਨ, ਤੇ ਅਸੀਂ ਹੋਰ ਗ਼ਰੀਬ ਹੁੰਦੇ ਜਾਂਦੇ ਹਾਂ।ਬਿਰਾਦਰੀ ਨੂੰ ਜਾਗ੍ਰਿਤ ਕਰਨਾ ਏ। ਘੋਲ ਕਰਨਾ ਏ ਮਿਲ ਕੇ।*

*ਜੱਗਾ : ਕੀ ਕਰਨਾ ਏ?*

*ਮੁੰਡਾ : ਜਾਗ੍ਰਿਤ? ਕ੍ਰਾਂਤੀ ਲਿਆਉਣੀ ਏ ਲੋਕਾਂ ਵਿਚ।*[8]

ਇਸੇ ਤਰਾਂ ਜੱਗਾ ਅਤੇ ਮੁੰਡਾ ਦੇ ਭਾਵ ਪਰੰਪਰਾ ਅਤੇ ਪਰਿਵਰਤਨ ਨਾਲ ਟਕਰਾਉਂਦੇ ਹਨ। ਵਰਿਆਮ ਮਸਤ ਨੇ ਨਾਟਕ 'ਘਰਲੀ' ਰਾਹੀਂ ਨਿਮਨ ਸ਼੍ਰੇਣੀ ਨਾਲ ਹੋ ਰਹੀ ਬੇਇਨਸਾਫ਼ੀ ਦਾ ਵਿਸ਼ਲੇਸ਼ਣ ਕੀਤਾ ਹੈ, ਕਿਰਤੀ ਵਰਗ ਦੇ ਹੱਕਾਂ ਅਤੇ ਉਨ੍ਹਾਂ ਦੀ ਦੁਰਦਸ਼ਾ ਦੀ ਜ਼ਿੰਮੇਵਾਰ ਭੂ-ਵਾਦੀ ਕਦਰਾਂ-ਕੀਮਤਾਂ ਨੂੰ ਠਹਿਰਾਇਆ ਹੈ।ਉੱਚ ਵਰਗ ਲੋਕਾਂ ਦੀ ਲੁੱਟ-ਖਸੁੱਟ ਕਰਕੇ ਹੋਰ ਅਮੀਰ ਹੁੰਦੇ ਜਾ ਰਹੇ ਹਨ ਗ਼ਰੀਬਾਂ ਦੀ ਦਸ਼ਾ ਹੋਰ ਖ਼ਰਾਬ ਹੁੰਦੀ ਜਾ ਰਹੀ ਹੈ।ਪਰ ਨਾਟਕ ਵਿਚ ਮੁੰਡਾ ਜੱਗੇ ਵਾਂਗ ਘਰਲੀ ਚਲਾ ਕੇ ਜੀਵਨ ਨਿਰਵਾਹ ਨਹੀਂ ਕਰਨਾ ਚਾਹੁੰਦਾ ਸਗੋਂ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਹੈ। ਉਹ ਆਪਣੇ ਬਿਰਾਦਰੀ ਦੇ ਲੋਕਾਂ ਵਿਚ ਚੇਤਨਤਾ ਲਿਆਉਣਾ ਚਾਹੁੰਦਾ ਹੈ।ਮੁੰਡਾ ਇਸ ਨਵੀਂ ਸੋਚ ਦਾ ਜ਼ਾਮਨ ਬਣ ਕੇ ਪੇਸ਼ ਹੁੰਦਾ ਹੈ।ਜਿੱਥੇ ਵਾਣ-ਵੱਟੂਆਂ ਅਤੇ ਨਿਮਨ ਸ਼੍ਰੇਣੀ ਨਾਲ ਸੰਬੰਧਿਤ ਦੂਜੇ ਕਿਰਤੀ ਵਰਗਾਂ ਦਾ ਕਿਸੇ ਪੱਧਰ ਤੇ ਵੀ ਸ਼ੋਸ਼ਣ ਨਾ ਹੋਵੇ। ਵਿੱਦਿਅਕ ਗਿਆਨ ਅਤੇ ਵਿਗਿਆਨਕ ਸੂਝ ਨਾਟਕ ਆਪਣੇ ਵਿਸ਼ੇ ਅਧੀਨ ਦਲਿਤ ਵਰਗ ਦੇ ਪਾਤਰਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਰਿਆਮ ਮਸਤ ਨੇ ਨਾਟਕ ਰਿਸ਼ਤੇ, ਭਬੱਕਾ ਅਤੇ ਘਰਲੀ ਵਿਚ ਆਧੁਨਿਕਤਾ ਮਨੁੱਖ ਦੀ ਕਾਰਗੁਜ਼ਾਰੀ ਉੱਤੇ ਵਿਅੰਗ ਕੀਤਾ ਹੈ। ਆਧੁਨਿਕ ਮਨੁੱਖ ਤਕਨੀਕੀ ਸਾਧਨਾਂ ਦੇ ਨੇੜੇ ਤਾਂ ਆ ਗਿਆ ਹੈ ਪਰ ਪੂਰਨ ਰੂਪ ਵਿਚ ਆਧੁਨਿਕ ਨਹੀਂ ਬਣ ਸਕਿਆ।ਵਿਸ਼ਵੀਕਰਨ ਕਾਰਨ ਕੁੱਝ ਫ਼ੈਸਲੇ ਸਾਡੇ ਭਾਈਚਾਰੇ ਵਿਚ ਸਹੀ ਨਹੀਂ ਬੈਠਦੇ ਜਿਨ੍ਹਾਂ ਕਰ ਕੇ ਸਮਾਜ ਵਿਚ ਸਮੱਸਿਆਵਾਂ ਪੈਦਾ ਹੁੰਦੀਆਂ ਹਨ।ਪਰ ਵਰਿਆਮ ਮਸਤ ਆਪਣੇ ਨਾਟਕਾਂ ਵਿਚ ਇਨ੍ਹਾਂ ਸਮੱਸਿਆਵਾਂ ਨੂੰ ਨਾਟਕਾਂ ਵਿਚ ਪੇਸ਼ ਵੀ ਕਰਦਾ ਹੈ ਤੇ ਉਨ੍ਹਾਂ ਦਾ ਹੱਲ ਵੀ ਕਰਦਾ ਪ੍ਰਤੀਤ ਹੁੰਦਾ ਹੈ

**ਹਵਾਲੇ/ਟਿੱਪਣੀਆਂ**


1. ਵਰਿਆਮ ਮਮਤ, ਤਮਾਸ਼ਾ, ਪੁਸ਼ਪਾਂਜ਼ਲੀ ਪ੍ਰਕਾਸ਼ਨ, ਚੰਡੀਗੜ੍ਹ, 1993, ਪੰਨਾ-24
2. ਉਹੀ, ਪੰਨਾ-46-47
3. ਪ੍ਰਤੀਮਾਨ, ਅੰਕ 20, ਅਕਤੂਬਰ, 2009, ਪੰਨਾ-45
4. ਵਰਿਆਮ ਮਮਤ, ਤਮਾਸ਼ਾ, ਪੁਸ਼ਪਾਂਜ਼ਲੀ ਪ੍ਰਕਾਸ਼ਨ, ਚੰਡੀਗੜ੍ਹ, 1993, ਪੰਨਾ-44
5. ਉਹੀ, ਪੰਨਾ-47
6. ਵਰਿਆਮ ਮਸਤ, ਭਬੱਕਾ, ਪੰਨਾ-31
7. ਉਹੀ, ਪੰਨਾ-53
8. ਵਰਿਆਮ ਮਸਤ, ਘਰਲੀ, ਨੈਸ਼ਨਲ ਬੁੱਕ ਸ਼ਾਪ ਦਿੱਲੀ, 2002, ਪੰਨਾ-44